**ਵਿਸ਼ਾ - ਪੰਜਾਬੀ** **7. ਖ਼ੁਸ਼ੀਆਂ ਆਪੇ ਨਹੀਂ ਆਉਂਦੀਆਂ - ਵਾਰਤਕ** **ਜਮਾਤ - ਨੌਂਵੀਂ**

## ਲੇਖਕ - ਡਾ: ਟੀ.ਆਰ. ਸ਼ਰਮਾ

## ••• ਸੰਖੇਪ ਉੱਤਰ ਵਾਲੇ ਪ੍ਰਸ਼ਨ •••

**ਪ੍ਰਸ਼ਨ 1. ਪਤੀ-ਪਤਨੀ ਘਰ ਦਾ ਮਾਹੌਲ ਕਿਵੇਂ ਠੀਕ ਕਰ ਸਕਦੇ ਹਨ?**

ਉੱਤਰ - ਜੇਕਰ ਪਤੀ-ਪਤਨੀ ਅਰਾਮ ਨਾਲ ਬਹਿ ਕੇ ਸ਼ਾਂਤੀ ਨਾਲ ਸਮੱਸਿਆ ਦਾ ਹੱਲ ਕਰ ਲੈਣ, ਤਾਂ ਘਰ ਦੇ ਮਾਹੌਲ ਨੂੰ ਖ਼ੁਸ਼ਗਵਾਰ ਬਣਾਇਆ ਜਾ ਸਕਦਾ ਹੈ ਅਤੇ ਹਾਸਿਆਂ ਤੇ ਖ਼ੁਸ਼ੀਆਂ ਨੂੰ ਬੁਲਾਇਆ ਜਾ ਸਕਦਾ ਹੈ।

**ਪ੍ਰਸ਼ਨ 2. ਸਾਡੇ ਵੱਡੇ-ਵਡੇਰਿਆਂ ਨੇ ਖ਼ੁਸ਼ੀਆਂ ਨੂੰ ਸੱਦਾ ਦੇਣ ਦੇ ਕਿਹੜੇ ਢੰਗ ਕੱਢੇ ਹੋਏ ਹਨ?**

ਉੱਤਰ - ਸਾਡੇ ਵੱਡ-ਵਡੇਰਿਆਂ ਨੇ ਘਰਾਂ, ਪਰਿਵਾਰਾਂ ਤੇ ਸਮਾਜ ਵਿੱਚ ਖ਼ੁਸ਼ੀਆਂ ਨੂੰ ਸੱਦਾ ਦੇਣ ਦੇ ਕਈ ਢੰਗ ਕੱਢੇ ਹੋਏ ਹਨ। ਉਨ੍ਹਾਂ ਵਿੱਚੋਂ ਕੁੱਝ ਕੁ ਰਸਮਾਂ, ਰੀਤਾਂ, ਮੇਲਿਆਂ, ਸਮਾਗਮਾਂ, ਸਮਾਜਿਕ ਤੇ ਧਾਰਮਿਕ ਤਿਉਹਾਰਾਂ ਦੇ ਰੂਪ ਵਿੱਚ ਅੱਜ ਤੱਕ ਤੁਰੇ ਆ ਰਹੇ ਹਨ। ਵਿਆਹ-ਸ਼ਾਦੀ ਦੇ ਮੌਕੇ ਨਵੇਂ ਕੱਪੜੇ ਸਵਾਉਣਾ, ਗਹਿਣੇ ਖ਼ਰੀਦਣੇ, ਮਠਿਆਈਆਂ ਖਾਣੀਆਂ ਤੇ ਵੰਡਣੀਆਂ, ਗ਼ਰੀਬ-ਗੁਰਬੇ ਨੂੰ ਦਾਨ ਦੇਣਾ, ਧਿਆਣੀਆਂ ਪੂਜਣੀਆਂ, ਮੰਦਰਾਂ, ਸਕੂਲਾਂ, ਧਰਮਸ਼ਾਲਾਵਾਂ ਨੂੰ ਦਾਨ ਦੇਣਾ, ਨਲਕੇ , ਖੂਹ ਆਦਿ ਲਗਵਾਉਣਾ ਸਾਰੇ ਹੀ ਵੱਡ-ਵਡੇਰਿਆਂ ਵੱਲੋਂ ਕੱਢੇ ਹੋਏ ਖ਼ੁਸ਼ੀਆਂ ਨੂੰ ਸੱਦਾ ਦੇਣ ਦੇ ਸਾਧਨ ਹਨ।

**ਪ੍ਰਸ਼ਨ 3. ਆਧੁਨਿਕ ਸਮੇਂ ਵਿੱਚ ਖ਼ੁਸ਼ੀਆਂ ਮਨਾਉਣ ਲਈ ਕਿਹੜੇ ਮੌਕੇ ਅਤੇ ਦਿਵਸ ਪ੍ਰਚਲਿਤ ਹਨ?**

ਉੱਤਰ - ਆਧੁਨਿਕ ਸਮੇਂ ਨੇ ਖ਼ੁਸ਼ੀਆਂ ਮਨਾਉਣ ਲਈ ਵੱਡ-ਵਡੇਰਿਆਂ ਵੱਲੋਂ ਅਪਣਾਏ ਜਾਂਦੇ ਢੰਗ-ਤਰੀਕਿਆਂ ਵਿੱਚ ਅਜ਼ਾਦੀ-ਦਿਵਸ, ਗਣਤੰਤਰਤਾ-ਦਿਵਸ, ਬਾਲ-ਦਿਵਸ, ਅਧਿਆਪਕ ਦਿਵਸ, ਮਾਪਾ ਦਿਵਸ, ਮਾਂ-ਦਿਵਸ, ਪਿਤਾ-ਦਿਵਸ, ਮਜ਼ਦੂਰ-ਦਿਵਸ, ਧਰਤੀ-ਦਿਵਸ ਆਦਿ ਵੀ ਜੋੜ ਦਿੱਤੇ ਹਨ।

**ਪ੍ਰਸ਼ਨ 4. ਲੇਖਕ ਅਨੁਸਾਰ ਦੁਸ਼ਮਣ ਨਾਲ ਕਿਸ ਤਰ੍ਹਾਂ ਦਾ ਵਿਹਾਰ ਕਰਕੇ ਖ਼ੁਸ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ?**

ਉੱਤਰ - ਖ਼ੁਸ਼ੀ ਪ੍ਰਾਪਤ ਕਰਨ ਲਈ ਆਪਣਾ ਗੁਨਾਹ ਕਬੂਲ ਕਰ ਲੈਣਾ ਚਾਹੀਦਾ ਹੈ। ਜਿਸ ਨੂੰ ਤੁਸੀਂ ਨੁਕਸਾਨ ਪਹੁੰਚਾਇਆ ਹੈ ਜਾਂ ਆਪਣੇ ਦੁਸ਼ਮਣ ਤੋਂ ਮਾਫ਼ੀ ਮੰਗ ਲੈਣੀ ਚਾਹੀਦੀ ਹੈ। ਕਿਸੇ ਦੇ ਕੀਤੇ ਨੁਕਸਾਨ ਦੀ ਭਰਪਾਈ ਕਰਕੇ ਵੀ ਖ਼ੁਸ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ।

**ਪ੍ਰਸ਼ਨ 5. ਖ਼ੁਸ਼ੀ ਪ੍ਰਾਪਤ ਕਰਨ ਦਾ ਅਨਮੋਲ ਢੰਗ ਕਿਹੜਾ ਹੈ?**

ਉੱਤਰ - ਜੇਕਰ ਕਿਸੇ ਨੂੰ ਨਸ਼ੇ ਕਰਨ, ਝੂਠ ਬੋਲਣ, ਰਿਸ਼ਵਤ ਲੈਣ, ਚੁਗ਼ਲੀ ਕਰਨ, ਗੁਮਨਾਮ ਸ਼ਿਕਾਇਤ ਕਰਨ, ਪਿੱਠ ਪਿੱਛੇ ਨਿੰਦਿਆ ਕਰਨ, ਗਾਲਾਂ ਕੱਢਣ, ਗੁੱਸਾ ਕਰਨ ਜਾਂ ਇਸ ਤਰ੍ਹਾਂ ਦੀ ਕੋਈ ਬੁਰੀ ਆਦਤ ਹੈ, ਤਾਂ ਉਸ ਦਾ ਤਿਆਗ ਦਾ ਕਰ ਦੇਣਾ ਚਾਹੀਦਾ ਹੈ। ਇਹ ਖ਼ੁਸ਼ੀ ਪ੍ਰਾਪਤ ਕਰਨ ਦਾ ਅਨਮੋਲ ਢੰਗ ਹੈ।

**ਪ੍ਰਸ਼ਨ 6. ਖ਼ੁਸ਼ੀਆਂ ਪੈਦਾ ਹੋਣ ਵਿੱਚ ਮਨੁੱਖ ਦੀ ਕਿਹੜੀ ਭਾਵਨਾ ਰੁਕਾਵਟ ਬਣਦੀ ਹੈ?**

ਉੱਤਰ - ਮੇਰੀ ਗੱਲ, ਮੇਰੀ ਇੱਜ਼ਤ, ਮੇਰਾ ਕਮਰਾ, ਮੇਰੀ ਸੋਟੀ, ਮੇਰੀ ਚਾਹ, ਮੇਰੀਆਂ ਚੀਜ਼ਾਂ ਆਦਿ ਸਾਰੀਆਂ ਗੱਲਾਂ ਬੰਧਨ ਦਾ ਪ੍ਰਤੀਕ ਹਨ। ਇਸ ਪ੍ਰਕਾਰ ਦੀ 'ਮੈਂ' ਖ਼ੁਸ਼ੀਆਂ ਦੇ ਪੈਦਾ ਹੋਣ ਵਿੱਚ ਰੁਕਾਵਟ ਬਣਦੀ ਹੈ, ਇਸ ਪ੍ਰਕਾਰ ਦੀ ਹਉਮੈਂ ਦਾ ਤਿਆਗ ਕਰਨ ਨਾਲ ਰੂਹਾਨੀ ਖ਼ੁਸ਼ੀ ਪ੍ਰਾਪਤ ਹੋ ਸਕਦੀ ਹੈ।

**ਪ੍ਰਸ਼ਨ 7. ਕੀ ਖ਼ੁਸ਼ੀ ਮਨੁੱਖ ਨੂੰ ਜਨਮ ਤੋਂ ਹੀ ਮਿਲਦੀ ਹੈ?**

ਉੱਤਰ - ਖ਼ੁਸ਼ੀ ਮਨ ਦੀ ਅਵਸਥਾ ਹੁੰਦੀ ਹੈ, ਕਿਸੇ ਚੀਜ਼ ਦਾ ਨਾਂ ਖ਼ੁਸ਼ੀ ਨਹੀਂ ਹੈ। ਅਜਿਹੀ ਅਵਸਥਾ ਪੈਦਾ ਕੀਤੀ ਜਾ ਸਕਦੀ ਹੈ, ਵਿਕਸਤ ਕੀਤੀ ਜਾ ਸਕਦੀ ਹੈ, ਜਨਮ ਤੋਂ ਹੀ ਕਿਸੇ ਮਨੁੱਖ ਨੂੰ ਖ਼ੁਸ਼ੀ ਨਹੀਂ ਮਿਲਦੀ। ਖ਼ੁਸ਼ੀਆਂ ਪੈਦਾ ਕਰਨ ਲਈ ਮੌਕੇ ਪੈਦਾ ਕਰਨੇ ਪੈਂਦੇ ਹਨ ਅਤੇ ਹਉਮੈਂ ਦਾ ਤਿਆਗ ਕਰਨਾ ਪੈਂਦਾ ਹੈ।

## ••• ਵਸਤੂਨਿਸ਼ਠ ਪ੍ਰਸ਼ਨ •••

**ਪ੍ਰਸ਼ਨ 1. 'ਖੁਸ਼ੀਆਂ ਆਪੇ ਨਹੀਂ ਆਉਂਦੀਆਂ' ਨਿਬੰਧ ਦਾ ਲੇਖਕ ਕੌਣ ਹੈ?**

ਉੱਤਰ - ਡਾ. ਟੀ. ਆਰ. ਸ਼ਰਮਾ।

**ਪ੍ਰਸ਼ਨ 2. 'ਖੁਸ਼ੀਆਂ ਆਪੇ ਨਹੀਂ ਆਉਂਦੀਆਂ' ਨਿਬੰਧ ਅਨੁਸਾਰ ਕਿੰਨ੍ਹਾਂ ਨੂੰ ਬੁਲਾਉਣਾ ਪੈਂਦਾ ਹੈ?**

ਉੱਤਰ - ਖੁਸ਼ੀਆਂ ਨੂੰ।

**ਪ੍ਰਸ਼ਨ 3. 'ਖੁਸ਼ੀਆਂ ਆਪੇ ਨਹੀਂ ਆਉਂਦੀਆਂ' ਲੇਖ ਅਨੁਸਾਰ ਕਿਸ ਚੀਜ਼ ਦੀ ਆਦਤ ਪਾਉਣੀ ਪੈਂਦੀ ਹੈ?**

ਉੱਤਰ - ਹੱਸਣ ਤੇ ਮੁਸਕਰਾਉਣ ਦੀ।

**ਪ੍ਰਸ਼ਨ 4. ਪਤੀ-ਪਤਨੀ ਦੁਆਰਾ ਮਾਹੌਲ ਨੂੰ ਖੁਸ਼ਗਵਾਰ ਕਿਵੇਂ ਬਣਾਇਆ ਜਾ ਸਕਦਾ ਹੈ?**

ਉੱਤਰ - ਸ਼ਾਂਤੀ ਨਾਲ ਬਹਿ ਕੇ ਗੱਲ ਕਰਕੇ।

**ਪ੍ਰਸ਼ਨ 5. ਆਪਣੀ ਸੋਚ ਤੇ ਯੋਜਨਾਬੰਦੀ ਤੋਂ ਕੰਮ ਲੈ ਕੇ ਜੀਵਨ ਕਿਹੋ-ਜਿਹਾ ਬਣਾਇਆ ਜਾ ਸਕਦਾ ਹੈ?**

ਉੱਤਰ - ਖ਼ੁਸ਼ਗਵਾਰ।

**ਪ੍ਰਸ਼ਨ 6. ਸਾਡੇ ਵੱਡ ਵਡੇਰਿਆਂ ਨੇ ਖ਼ੁਸ਼ੀਆਂ ਪ੍ਰਾਪਤ ਕਰਨ ਦੇ ਵਸੀਲੇ ਕਿਹੜੇ ਬਣਾਏ ਹਨ?**

ਉੱਤਰ - ਰਸਮਾਂ, ਰੀਤਾਂ, ਮੇਲੇ ਤੇ ਤਿਉਹਾਰ ਆਦਿ।

**ਪ੍ਰਸ਼ਨ 7. ਵਿਆਹ ਸ਼ਾਦੀ ਦੇ ਮੌਕੇ ਉੱਤੇ ਖੁਸ਼ੀ ਪ੍ਰਾਪਤ ਕਰਨ ਦਾ ਸਾਧਨ ਕਿਹੜਾ ਹੈ?**

ਉੱਤਰ - ਨਵੇਂ ਕੱਪੜੇ ਸਵਾਉਣਾ।

**ਪ੍ਰਸ਼ਨ 8. ਮਨੁੱਖ ਦੀ ਹਉਮੈਂ ਕਿਸ ਚੀਜ਼ ਵਿਚ ਰੁਕਾਵਟ ਪੈਦਾ ਕਰਦੀ ਹੈ?**

ਉੱਤਰ - ਖ਼ੁਸ਼ੀਆਂ ਵਿਚ।

**ਪ੍ਰਸ਼ਨ 9. ਦੋਸ਼ੀ ਨੂੰ ਖਿਮਾ ਕਰਨਾ ਕਿਹੋ-ਜਿਹਾ ਕੰਮ ਹੁੰਦਾ ਹੈ?**

ਉੱਤਰ - ਪੁੰਨ ਦਾ।

**ਪ੍ਰਸ਼ਨ 10. 'ਖੁਸ਼ੀਆਂ ਆਪੇ ਨਹੀਂ ਆਉਂਦੀਆਂ' ਲੇਖ ਅਨੁਸਾਰ ਖੁਸ਼ੀ ਕੀ ਹੈ?**

ਉੱਤਰ - ਮਨ ਦੀ ਅਵਸਥਾ।

**ਪ੍ਰਸ਼ਨ 11. ਮੇਰੀ ਗੱਲ, ਮੇਰੀ ਇੱਜ਼ਤ, ਮੇਰਾ ਕਮਰਾ, ਮੇਰੀ ਸੋਟੀ, ਮੇਰੀ ਚਾਹ ਆਦਿ ਕਾਹਦਾ ਪ੍ਰਤੀਕ ਹਨ?**

ਉੱਤਰ - ਬੰਧਨ ਦਾ।

**ਪ੍ਰਸ਼ਨ 12. ਮਨੁੱਖ ਨੂੰ ਖ਼ੁਸ਼ੀ ਜਨਮ ਤੋਂ ਹੀ ਮਿਲਦੀ ਹੈ। ਸਹੀ ਜਾਂ ਗ਼ਲਤ?**

ਉੱਤਰ - ਗ਼ਲਤ

**ਪ੍ਰਸ਼ਨ 13. ਮੁਕਾਬਲੇ ਨਾਲੋਂ ਉੱਚਾ ਸੰਕਲਪ ਕੀ ਹੈ?**

ਉੱਤਰ - ਸਹਿਯੋਗ ਤੇ ਤਿਆਗ।

**ਗੁਰਦੀਪ ਸਿੰਘ ਬਰਾੜ ਪੰਜਾਬੀ ਮਾਸਟਰ ਸਸਸਸ ਕੋਟਲੀ ਅਬਲੂ, ਸ੍ਰੀ ਮੁਕਤਸਰ ਸਾਹਿਬ ਮੋ ਨੰ. 9193700037**